# ਕੀਟਨਾਸ਼ਕ ਸੁਰੱਖਿਆ

dpr

ਜਾਣਕਾਰੀ

ਕੈਲੀਫੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

N No. 5


## ਗੈਰ-ਖੇਤੀਬਾੜੀ ਮਾਹੌਲ ਵਿੱਚ ਕੀਟਨਾਸ਼ਕਾਂ ਨੂੰ ਸਾਹ ਰਾਹੀਂ ਅੰਦਰ ਜਾਣ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖਣਾ

**ਕਈ ਵਾਰ ਕੀਟਨਾਸ਼ਕਾਂ ਦਾ ਛਿੜਕਾਅ ਹਵਾ ਵਿੱਚ ਹੀ ਰਹਿ ਜਾਂਦਾ ਹੈ, ਜਿਸ ਵਿੱਚ ਤੁਸੀਂ ਸਾਹ ਲੈਂਦੇ ਹੋ। ਆਪਣੇ ਆਪ ਨੂੰ ਕੀਟਨਾਸ਼ਕਾਂ ਨੂੰ ਸਾਹ ਨਾਲ ਅੰਦਰ ਜਾਣ ਤੋਂ ਬਚਣ ਦਾ ਇਕ ਵਧੀਆ ਤਰੀਕਾ ਸੁਰੱਖਿਅਤ ਮੁਖੌਟਾ ਜਿਸ ਨੂੰ ਰੈਸਪੀਰੇਟਰ ਕਹਿੰਦੇ ਹਨ, ਪਾਣਾ ਹੈ।**



### ਮੈਨੂੰ ਰੈਸਪੀਰੇਟਰ ਕਦੋਂ ਪਾਣਾ ਚਾਹੀਦਾ ਹੈ ?

ਜਦੋਂ ਵੀ ਲੇਬਲ ਤੇ ਲਿਖਿਆ ਹੋਵੇ, ਤਾਂ ਉਸ ਸਮੇਂ ਪਾਉ, ਅਤੇ ਜਦੋਂ ਇਹ ਲਿਖਿਆ ਹੈ, “ਹਵਾੜ ਜਾਂ ਧੁੜ” ਵਿੱਚ ਸਾਹ ਲੈਣ ਤੋਂ ਬਚੋ”, ਤਾਂ ਤੁਸੀਂ ਰੈਸਪੀਰੇਟਰ ਪਾ ਸਕਦੇ ਹੋ।

ਤੁਹਾਡੇ ਮਾਲਿਕ ਨੂੰ ਤੁਹਾਨੂੰ ਮੁਫ਼ਤ ਰੈਸਪੀਰੇਟਰ ਦੇਣਾ ਚਾਹੀਦਾ ਹੈ ਅਤੇ ਜਿਸਨੂੰ ਤੁਹਾਨੂੰ ਜ਼ਰੂਰਤ ਪੈਣ ’ਤੇ ਪਾਣਾ ਚਾਹੀਦਾ ਹੈ।

### ਕੀ ਹਰ ਕੋਈ ਰੈਸਪੀਰੇਟਰ ਇਸਤੇਮਾਲ ਕਰ ਸਕਦਾ ਹੈ ?

ਕਈ ਲੋਕਾਂ ਲਈ ਰੈਸਪੀਰੇਟਰ ਵਿੱਚੋਂ ਸਾਹ ਲੈਣਾ ਬਹੁਤ ਮੁਸ਼ਕਲ ਹੁੰਦਾ ਹੈ। ਹਾਈ ਬਲੱਡ ਪ੍ਰੈਸ਼ਰ, ਦਿਲ ਦੀ ਬੀਮਾਰੀ, ਫੇਫੜਿਆਂ ਦੀ ਬੀਮਾਰੀ ਵਾਲੇ ਲੋਕ ਸ਼ਾਇਦ ਰੈਸਪੀਰੇਟਰ ਨੂੰ ਸੁਰੱਖਿਆ ਨਾਲ ਇਸਤੇਮਾਲ ਨਾ ਕਰ ਸਕਣ। ਜੇ ਤੁਸੀਂ ਕੀਟਨਾਸ਼ਕ ਇਸਤੇਮਾਲ ਕਰ ਰਹੇ ਹੋ ਅਤੇ ਤੁਹਾਡਾ ਰੈਸਪੀਰੇਟਰ ਪਾਣਾ ਜ਼ਰੂਰੀ ਹੈ, ਤਾਂ ਤੁਹਾਡੇ ਮਾਲਿਕ ਨੂੰ ਇਸ ਤੋਂ ਪਹਿਲਾਂ ਕਿ ਤੁਸੀਂ ਰੈਸਪੀਰੇਟਰ ਦਾ ਇਸਤੇਮਾਲ ਕਰੋ, ਤੁਹਾਡੇ ਮਾਲਿਕ ਨੂੰ ਇਕ ਡਾਕਟਰ ਦੀ ਆਗਿਆ ਲੈਣੀ ਚਾਹੀਦੀ ਹੈ। ਡਾਕਟਰ ਨੂੰ ਤੁਹਾਡਾ ਮੁਆਇਨਾ ਕਰਨਾ ਚਾਹੀਦਾ ਹੈ, ਜਾਂ ਇਕ ਪ੍ਰਸ਼ਨਾਵਲੀ, ਜਿਸਨੂੰ ਤੁਹਾਡਾ ਮਾਲਿਕ ਤੁਹਾਡੇ ਕੋਲੋਂ ਭਰਵਾਏਗਾ, ਦਾ ਰੀਵੀਊ ਕਰਨਾ ਜ਼ਰੂਰੀ ਹੈ। ਤੁਹਾਡੇ ਰੈਸਪੀਰੇਟਰ ਇਸਤੇਮਾਲ ਕਰਨ ਤੋਂ ਪਹਿਲਾਂ ਡਾਕਟਰ ਦਾ ਤੁਹਾਡੇ ਮਾਲਿਕ ਨੂੰ ਇਹ ਰਿਪੋਰਟ ਦੇਣੀ ਜ਼ਰੂਰੀ ਹੈ ਕਿ ਤੁਸੀਂ ਇਕ ਰੈਸਪੀਰੇਟਰ ਸੁਰੱਖਿਆ ਨਾਲ ਇਸਤੇਮਾਲ ਕਰ ਸਕਦੇ ਹੋ ਕਿ ਨਹੀਂ (ਅਤੇ ਇਕ ਕਾਪੀ ਤੁਹਾਨੂੰ ਵੀ) ਤੁਹਾਡੇ ਮਾਲਿਕ ਨੂੰ ਡਾਕਟਰ ਦੇ ਲਿਖਿਤ ਆਦੇਸ਼ ਮੰਨਣੇ ਚਾਹੀਦੇ ਹਨ।

**ਤੁਹਾਨੂੰ ਰੈਸਪੀਰੇਟਰ ਕਿਸੇ ਸਮੇਂ ਵੀ ਅਤੇ ਉਦੋਂ ਜਦੋਂ ਕੀਟਨਾਸ਼ਕ ਦੇ ਲੇਬਲ ਤੇ ਪਾਣ ਲਈ ਕਿਹਾ ਗਿਆ ਹੈ ਜ਼ਰੂਰ ਪਾਣਾ ਚਾਹੀਦਾ ਹੈ।**

### ਜੇ ਮੇਰੀਆਂ ਦਾੜ੍ਹੀ ਮੁਛਾਂ ਹਨ, ਤਾਂ ਕੀ ਮੈਂ ਇਕ ਰੈਸਪੀਰੇਟਰ ਪਾ ਸਕਦਾ ਹਾ ?

ਜੇ ਤੁਹਾਡੀ ਦਾੜ੍ਹੀ, ਸੰਘਣੀਆਂ ਮੁਛਾਂ, ਜਾਂ ਲੰਮੇ ਗਲਮੁਛੇ ਹਨ, ਤਾਂ ਰੈਗੂਲਰ ਰੈਸਪੀਰੇਟਰ ਤੁਹਾਡੀ ਸੁਰੱਖਿਆ ਨਹੀਂ

ਕਰੇਗਾ ਕਿਉਂਕਿ ਮੁਛਾਂ, ਦਾੜ੍ਹੀ ਜਾਂ ਲੰਮੇ ਗਲਮੁਛੇ ਰੈਸਪੀਰੇਟਰ ਨੂੰ ਕਸਕੇ ਬੰਦ ਨਹੀਂ ਹੋਣ ਦੇਂਦੇ। ਜਿੱਥੇ ਚਿਹਰੇ ’ਤੇ ਰੈਸਪੀਰੇਟਰ ਛੁਹੇਗਾ ਉਥੇ ਵਾਲ ਨਹੀਂ ਹੋਣੇ ਚਾਹੀਦੇ ਹਨ।

ਜੇ ਮਾਲਿਕ ਕੋਲ ਉਹ ਰੈਸਪੀਰੇਟਰ ਨਹੀਂ ਜੋ ਤੁਹਾਡੇ ਮੂੰਹ ਤੇ ਕਸਕੇ ਬੰਦ ਨਾ ਹੋ ਜਾਏ, ਤੁਸੀਂ ਕੰਮ ਨਹੀਂ ਕਰ ਸਕਦੇ।

## ਮੈਨੂੰ ਕਿਹੜੀ ਟਰੇਨਿੰਗ ਦੀ ਜ਼ਰੂਰਤ ਹੈ ?

ਪਹਿਲੀ ਵਾਰ ਰੈਸਪੀਰੇਟਰ ਦਾ ਇਸਤੇਮਾਲ ਕਰਨ ਤੋਂ ਪਹਿਲਾਂ, ਤੁਹਾਡੀ ਟਰੇਨਿੰਗ ਅਤੇ ਫਿਟਨੈਸ ਟੈਸਟ ਹੋਣਾ ਚਾਹੀਦਾ ਹੈ ਕਿ ਤੁਸੀਂ ਇਸਨੂੰ ਸੁਰੱਖਿਅਤ ਢੰਗ ਨਾਲ ਇਸਤੇਮਾਲ ਕਿਸ ਤਰ੍ਹਾਂ ਕਰਨਾ ਹੈ ਅਤੇ ਇਸ ਨੂੰ ਪਾਣ ਦੀ ਜ਼ਰੂਰਤ ਕਦੋਂ ਹੈ। ਇਸ ਦੀ ਟਰੇਨਿੰਗ ਅਤੇ ਫਿਟਨੈਸ ਹਰ ਸਾਲ ਹੋਣੀ ਚਾਹੀਦੀ ਹੈ ਅਤੇ ਤੁਹਾਨੂੰ ਇਹ ਵੀ ਦੱਸਿਆ ਜਾਣਾ ਚਾਹੀਦਾ ਹੈ ਕਿ ਰੈਸਪੀਰੇਟਰ ਕਿਨ੍ਹਾਂ ਚੀਜ਼ਾਂ ਤੋਂ ਤੁਹਾਨੂੰ ਸੁਰੱਖਿਅਤ ਰੱਖ ਸਕਦਾ ਹੈ ਅਤੇ ਕਿਨ੍ਹਾਂ ਤੋਂ ਨਹੀਂ।



## ਮੈਂ ਸਹੀ ਰੈਸਪੀਰੇਟਰ ਕਿਸ ਤਰ੍ਹਾਂ ਲੈ ਸਕਦਾ ਹਾਂ ?

ਰੈਸਪੀਰੇਟਰ ਵੱਖ-ਵੱਖ ਤਰ੍ਹਾਂ ਦੇ ਕਈ ਹਨ, ਜੋ ਤੁਹਾਨੂੰ ਵੱਖ-ਵੱਖ ਖ਼ਤਰਿਆਂ ਤੋਂ ਸੁਰੱਖਿਅਤ ਰੱਖਦੇ ਹਨ। ਕੀਟਨਾਸ਼ਕ ਲੇਬਲ ਜਾਂ ਤੁਹਾਡਾ ਮਾਲਿਕ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਕਿਸ ਕਿਸਮ ਦਾ ਰੈਸਪੀਰੇਟਰ ਇਸਤੇਮਾਲ ਕਰਨਾ ਹੈ। ਮਿਸਾਲ ਦੇ ਤੌਰ ਤੇ, ਕਈ ਕੀਟਨਾਸ਼ਕ ਧੁੰਦ ਵਿੱਚ ਬਦਲ ਜਾਂਦੇ ਹਨ, ਸੋ ਤੁਹਾਨੂੰ ਅੱਧੇ ਚਿਹਰੇ ਨੂੰ ਢੱਕਣ ਵਾਲੇ ਰੈਸਪੀਰੇਟਰ ਪਾਣ ਦੀ ਜ਼ਰੂਰਤ ਹੋਏਗੀ, ਜਿਸਤੇ ਵਿਸ਼ੇਸ਼ ਫਿਲਟਰ (ਕਾਰਟਰਿੱਜਸ) ਲਗੇ ਹੋਣ, ਜੋ ਤੁਹਾਡੇ ਫੇਫੜਿਆਂ ਦੀ ਸੁਰੱਖਿਆ ਕਰਦੇ ਹਨ। ਕਈ ਕੇਸਾਂ ਵਿੱਚ ਇਕ ਫਿਲਟਰਿੰਗ ਫੇਸਪੀਸ ਮੁਖੌਟੇ (ਜਿਸ ਵਿੱਚ ਹਵਾ ਆਂਦੀ ਰਵ੍ਹੇ) ਦੀ ਹੀ ਜ਼ਰੂਰਤ ਹੁੰਦੀ ਹੈ, ਜੋ ਤੁਹਾਡੀ ਸੁਰੱਖਿਆ ਕਰ ਸਕਦਾ ਹੈ।

ਰੈਸਪੀਰੇਟਰ ਵੱਖਰੇ-ਵੱਖਰੇ ਸਾਈਜ਼ਾਂ ਵਿੱਚ ਆਉਂਦੇ ਹਨ। ਇਹ ਬਹੁਤੇ ਅਹਿਮ ਹੈ ਕਿ ਰੈਸਪੀਰੇਟਰ ਤੁਹਾਡੇ ਚਿਹਰੇ ਤੇ ਪੂਰੀ ਤਰ੍ਹਾਂ ਫਿਟ ਆਵੇ। ਤੁਹਾਡੀ ਇਹ ਟਰੇਨਿੰਗ ਹੋਣੀ ਚਾਹੀਦੀ ਹੈ ਕਿ ਰੈਸਪੀਰੇਟਰ ਸਹੀ ਫਿਟ ਹੈ ਕਿ ਨਹੀਂ। ਤੁਹਾਡਾ ਮਾਲਿਕ ਜਾਂ ਕੋਈ ਉਹ ਵਿਅਕਤੀ, ਜਿਸ ਨੂੰ ਉਨ੍ਹਾਂ ਨੇ ਰੱਖਿਆ ਹੈ, ਨੂੰ ਜਾਂਚ ਕਰਨੀ ਚਾਹੀਦੀ ਹੈ, ਕਿ ਰੈਸਪੀਰੇਟਰ ਤੁਹਾਡੇ ਚਿਹਰੇ ਤੇ ਸਹੀ ਫਿਟ ਹੈ ਕਿ ਨਹੀਂ। ਇਹ ਸਭ ਕੁਝ ਹਰ ਸਾਲ ਉਦੋਂ ਤੀਕ ਕਰਨਾ ਜ਼ਰੂਰੀ ਹੈ, ਜਦ ਤਕ ਤੁਹਾਨੂੰ ਰੈਸਪੀਰੇਟਰ ਪਾਣਾ ਹੈ। ਜਦੋਂ ਜਾਂਚ ਕਰਨੀ ਹੋਵੇ, ਕਿ ਰੈਸਪੀਰੇਟਰ ਕਿਸ ਤਰ੍ਹਾਂ ਤੁਹਾਡੇ ਚਿਹਰੇ ਤੇ ਫਿਟ ਆਉਂਦਾ ਹੈ, ਉਸ ਜਗਹ ਤੇ ਜਾਕੇ ਪਾਓ ਜਿੱਥੇ ਕੋਈ ਕੀਟਨਾਸ਼ਕ ਨਾ ਹੋਣ।

ਜਿਹੜਾ ਰੈਸਪੀਰੇਟਰ ਤੁਸੀਂ ਪਾਂਦੇ ਹੋ, ਉਸ ਤੇ ਸ਼ਬਦ “NIOSH” ਕਿਧਰੇ ਲਿਖੇ ਹੋਣੇ ਚਾਹੀਦੇ ਹਨ, ਜੋ ਇਹ ਦੱਸਦੇ ਹਨ ਕਿ ਇਹ ਮੰਜ਼ੂਰਸ਼ੁਦਾ ਮੁਖੌਟਾ ਹੈ। NIOSH ਦਾ ਮਤਲਬ ਹੈ, ਵਿਵਸਾਇਕ ਅਤੇ ਸਿਹਤ ਦੀ ਸੁਰੱਖਿਆ ਲਈ ਰਾਸ਼ਟਰੀ ਸੰਸਥਾ (National Institute for Occupational Safety and Health)।

## ਮੈਂ ਕਿਸ ਤਰ੍ਹਾਂ ਦੱਸ ਸਕਦਾ ਹਾਂ ਕਿ ਮੇਰਾ ਰੈਸਪੀਰੇਟਰ ਸਹੀ ਤਰ੍ਹਾਂ ਕੰਮ ਕਰ ਰਿਹਾ ਹੈ ?

ਬਹੁਤੇ ਰੈਸਪੀਰੇਟਰ ਅਸਲ ਵਿੱਚ “ਹਵਾ ਸਾਫ਼” ਹੀ ਨਹੀਂ ਕਰਦੇ। ਉਹ ਸਿਰਫ਼ ਹਾਨੀਕਾਰਕ ਰਸਾਇਣਾਂ ਨੂੰ ਤੁਹਾਡੇ ਫੇਫੜਿਆਂ ਅੰਦਰ ਜਾਣ ਤੋਂ ਰੋਕਦੇ ਹਨ। ਉਹ ਇਹ ਵਿਸ਼ੇਸ਼ ਫਿਲਟਰ ਰਾਹੀਂ ਕਰਦੇ ਹਨ। ਯਕੀਨੀ ਬਣਾਉ ਕਿ ਜਿਸ ਕੀਟਨਾਸ਼ਕ ਨੂੰ ਤੁਸੀਂ ਇਸਤੇਮਾਲ ਕਰ ਰਹੇ ਹੋ, ਤੁਹਾਡੇ ਫਿਲਟਰ ਸਹੀ ਕਿਸਮ ਦੇ ਹਨ। ਫਿਲਟਰ ਕੁਝ ਸਮੇਂ ਬਾਅਦ ਕੰਮ ਕਰਨਾ ਬੰਦ ਕਰ ਦੇਂਦੇ ਹਨ, ਅਤੇ ਕੀਟਨਾਸ਼ਕ ਉਨ੍ਹਾਂ ਰਾਹੀਂ ਆ ਸਕਦੇ ਹਨ ਅਤੇ ਤੁਸੀਂ ਇਨ੍ਹਾਂ ਵਿੰਚ ਸਾਹ ਲਉਗੇ। ਜੇ ਤੁਸੀਂ ਕੁੱਝ ਅਜੀਬ ਸੁੰਘੋ ਜਾ ਸੁਆਦ ਮਹਿਸੂਸ ਕਰੋ, ਤੁਹਾਡੀਆਂ ਅੱਖਾਂ ਜਾਂ ਗਲੇ ਵਿੱਚ ਜਲਣ ਹੋ ਰਹੀ ਹੋਵੇ ਜਾਂ ਜੇ ਤੁਹਾਨੂੰ ਸਾਹ ਲੈਣਾ ਔਖਾ ਹੋ ਜਾਏ, ਤਾਂ **ਫੌਰਨ** ਇਹ ਥਾਂ ਛੱਡ ਦਿਓ। ਕਿਸੇ ਸੁਰੱਖਿਅਤ ਥਾਂ ’ਤੇ ਜਾਉ ਜਿੱਥੇ ਕੋਈ ਕੀਟਨਾਸ਼ਕ ਨਾ ਹੋਵੇ। ਫਿਰ ਆਪਣਾ ਰੈਸਪੀਰੇਟਰ ਉਤਾਰੋ ਅਤੇ ਇਸ ਨੂੰ ਧਿਆਨ ਨਾਲ ਵੇਖੋ ਕਿ ਇਹ ਕਿਧਰੋ ਫਟ ਤਾਂ ਨਹੀਂ ਗਿਆ ਜਾਂ ਇਸ ਵਿੱਚ ਕੋਈ ਤਰੇੜਾਂ ਤੇ ਨਹੀਂ ਆ ਗਈਆਂ ਜਾਂ ਕਿਧਰੇ ਇਹ ਗੰਦਾ ਤੇ ਨਹੀਂ ਹੋ ਗਿਆ ? ਜੇ ਅਜਿਹੀ ਕੋਈ ਸਮੱਸਿਆ ਤੁਹਾਨੂੰ ਨਜ਼ਰ ਨਾ ਆਏ, ਤਾਂ ਸ਼ਾਇਦ ਤੁਹਾਨੂੰ ਫਿਲਟਰਾਂ ਨੂੰ ਬਦਲਣ ਦੀ ਜ਼ਰੂਰਤ ਹੋ ਸਕਦੀ ਹੈ।

ਤੁਹਾਡੇ ਮਾਲਿਕ ਨੂੰ ਅਕਸਰ ਫਿਲਟਰ ਬਦਲਦੇ ਰਹਿਣਾ ਹੈ, ਕਿਉਂਕਿ ਬਹੁਤੇ ਕੀਟਨਾਸ਼ਕਾਂ ਦੀ ਮੁਸ਼ਕ ਨਹੀਂ ਹੁੰਦੀ ਜਾਂ ਜਲਣ ਪੈਦਾ ਨਹੀਂ ਕਰਦੇ।



## ਫਿਲਟਰ ਉਦੋਂ ਬਦਲਣੇ ਚਾਹੀਦੇ ਹਨ, ਜਦੋਂ:

1. ਕੀਟਨਾਸ਼ਕ ਦੇ ਲੇਬਲ ਤੇ ਕਿਹਾ ਗਿਆ ਹੋਵੇ।
2. ਰੈਸਪੀਰੇਟਰ ਬਣਾਉਣ ਵਾਲਾ ਕਹੇ ਕਿ ਇਸਨੂੰ ਬਦਲ ਦਿਉ।
3. ਤੁਹਾਨੂੰ ਕੋਈ ਮੁਸ਼ਕ, ਸੁਆਦ ਆਏ ਜਾਂ ਜਲਨ ਹੋਵੇ।
4. ਹਰ ਰੋਜ਼ ਦਾ ਕੰਮ ਖ਼ਤਮ ਹੋਣ ਦੇ ਬਾਅਦ।

ਉਸ ਨਿਯਮ ਤੇ ਅਮਲ ਕਰੋ ਜਿਸ ਵਿੱਚ ਫਿਲਟਰ ਜਲਦੀ ਬਦਲਣ ਲਈ ਕਿਹਾ ਗਿਆ ਹੈ।

## ਰੈਸਪੀਰੇਟਰ ਦੀ ਦੇਖਭਾਲ ਕੌਣ ਕਰਦਾ ਹੈ ?

ਰੈਸਪੀਰੇਟਰਾਂ ਦੀ ਬਾਕਾਇਦਾ ਸਫ਼ਾਈ ਅਤੇ ਜਾਂਚ ਕਿਸੇ ਅਜਿਹੇ ਵਿਅਕਤੀ ਵੱਲੋਂ ਹੋਣੀ ਚਾਹੀਦੀ ਹੈ ਜੋ ਇਸ ਕੰਮ ਲਈ ਸਿੱਖਿਅਤ ਹੈ। ਕਿਸੇ ਹੋਰ ਦਾ ਰੈਸਪੀਰੇਟਰ ਕਦੀ ਇਸਤੇਮਾਲ ਨਾ ਕਰੋ। ਹਰ ਵਰਕਰ ਕੋਲ ਆਪਣਾ ਵੱਖਰਾ ਰੈਸਪੀਰੇਟਰ ਹੋਣਾ ਚਾਹੀਦਾ ਹੈ ਜਾਂ ਉਨ੍ਹਾਂ ਨੂੰ ਅਜਿਹੇ ਰੈਸਪੀਰੇਟਰ ਇਸਤੇਮਾਲ ਕਰਨੇ ਚਾਹੀਦੇ ਹਨ, ਜੋ ਇਕੋ ਵਾਰੀ ਇਸਤੇਮਾਲ ਬਾਅਦ ਸੁੱਟ ਦਿੱਤੇ ਜਾਂਦੇ ਹਨ।

ਜਦੋਂ ਰੈਸਪੀਰੇਟਰ ਟੁੱਟ ਜਾਣ ਤੁਹਾਡੇ ਮਾਲਿਕ ਨੂੰ ਉਨ੍ਹਾਂ ਨੂੰ ਸਹੀ ਕਰਵਾਉਣਾ ਚਾਹੀਦਾ ਹੈ। ਜੇ ਉਹ ਠੀਕ ਨਹੀਂ ਹੋ ਸਕਦੇ ਤਾਂ ਤੁਹਾਡੇ ਮਾਲਿਕ ਨੂੰ ਨਵੇਂ ਲੈਣੇ ਚਾਹੀਦੇ ਹਨ।

ਰੈਸਪੀਰੇਟਰ ਅਤੇ ਸਾਰੇ ਸੁਰੱਖਿਆ ਉਪਕਰਣਾਂ ਨੂੰ ਕੀਟਨਾਸ਼ਕਾਂ ਤੋਂ ਦੂਰ ਸਟੋਰ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਧੂੜ, ਧੁੱਪ ਅਤੇ ਵੱਡੇ ਅੰਤਰ ਵਾਲੇ ਤਾਪਮਾਨ ਤੋਂ ਸੁਰੱਖਿਅਤ ਰੱਖਣ ਦੀ ਜ਼ਰੂਰਤ ਹੁੰਦੀ ਹੈ। ਪਾਣੀ ਅਤੇ ਕਈ ਖ਼ਾਸ ਰਸਾਇਣ ਵੀ ਫਿਲਟਰਾਂ ਜਾਂ ਕਾਰਟਰਿਜਾਂ ਨੂੰ ਨੁਕਸਾਨ ਪੁਚਾ ਸਕਦੇ ਹਨ। ਕਈ ਹੋਰ ਰਸਾਇਣ ਮੁਖੌਟੇ ਨੂੰ ਹੀ ਨੁਕਸਾਨ ਪੁਚਾ ਸਕਦੇ ਹਨ। ਰੈਸਪੀਰੇਟਰ ਨੂੰ ਇਸ ਤਰ੍ਹਾਂ ਸਟੋਰ ਕਰੋ ਕਿ ਉਨ੍ਹਾਂ ਦਾ ਮੂੰਹ ਤੇ ਪਾਣ ਵਾਲਾ ਹਿੱਸਾ ਟੁੱਟੇ ਜਾਂ ਮੁੜੇ ਨਾ। ਸਖ਼ਤ ਪਲਾਸਟਿਕ ਦੇ ਕੰਟੇਨਰ, ਜਿਨ੍ਹਾਂ ਦੇ ਢਕਣਾਂ ਵਿੱਚ ਹਵਾ ਨਹੀਂ ਜਾ ਸਕਦੀ (ਏਅਰ ਟਾਈਟ) ਰੈਸਪੀਰੇਟਰਾਂ ਨੂੰ ਸਟੋਰ ਕਰਨ ਲਈ ਸਹੀ ਹਨ।




*ਜੇ ਤੁਹਾਨੂੰ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਟਰੇਨਿੰਗ ਵਿੱਚ ਚਾਹੀਦੀ ਹੈ, ਨਹੀਂ ਮਿਲਦੀ ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ (DPR) ਨੂੰ ਫੋਨ ਕਰਨਾ ਚਾਹੀਦਾ ਹੈ। ਤੁਸੀਂ ਕਮਿਸ਼ਨਰ ਦਾ ਨੰਬਰ ਆਪਣੀ ਚਿੱਟੇ ਪੰਨਿਆ ਵਾਲੀ ਸਥਾਨਕ ਡਾਇਰੈਕਟਰੀ 1-87PestLine ਤੋਂ ਲੈ ਸਕਦੇ ਹੋ ਜਾਂ*

**http://www.cdfa.ca.gov/exec/county/countymap/**

**DPR ਦੇ ਖੇਤਰੀ ਦਫ਼ਤਰ ਹਨ:**

- **ਨਾਰਦਰਨ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਫ੍ਰੈਸਨੋ) 559/297-3511**
- **ਸਦਰਨ (ਐਨਾਹਾਈਮ) 714/279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**